# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ- ਸੀਨੀਅਰ ਕਾਰਜਕਾਰੀ ਇੰਜੀਨੀਅਰ,(ਵੰਡ) ਮੰਡਲ,ਕੋਟਕਪੂਰਾ)
ਸ਼੍ਰੀ ਮੁਕਤਸਰ ਸਾਹਿਬ ਰੋਡ,ਕੋਟਕਪੂਰਾ,ਫੋਨ ਨੰਬਰ-01635-292231 ਈ-ਮੇਲ-**xenkotkapura@gmail.com**

ਵੱਲ: -ਰਜਿਸਟਰਡ-

ਉੱਪ ਸਕੱਤਰ,
ਲੋਕ ਸਪੰਰਕ ਵਿਭਾਗ, ਗਰਾਊਂਡ ਫਲੋਰ, ਮਾਲ ਰੋਡ
ਪਾਵਰਕਾਮ ਪਟਿਆਲਾ ।
**Email: dy-secy-pr@pspcl.in,**

ਮੀਮੋ ਨੰਬਰ 479 ਮਿਤੀ 27/1/2026

ਵਿਸ਼ਾ ਟੈਂਡਰ ਨੋਟਿਸ ਬਾਬਤ ਵੰਡ ਮੰਡਲ ਦਫਤਰ ਕੋਟਕਪੂਰਾ ਦੀ ਟੈਂਡਰ ਇਨਕੁਆਰੀ ਨੰ. **04/XEN/DS/KKP/2025-26** ਮਿਤੀ: **27-01-2026** ਨੂੰ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਅਧੀਨ ਆਉਂਦੇ ਸਹਾਇਕ ਕਾ:ਕਾ: ਇੰਜ: ਵੰਡ ਉੱਪ ਮੰਡਲ ਦਫਤਰ ਬਰਗਾੜੀ ਲਈ ਦਫਤਰੀ ਕੰਮ-ਕਾਜ਼ਾਂ ਨੂੰ ਨੇਪਰੇ ਚਾੜਨ ਲਈ ਬਾਹਰਲੇ ਸੋਮਿਆਂ ਤੋਂ 1 ਨੰਬਰ ਗੱਡੀ ਦੀ ਜਰੂਰਤ ਹੈ, ਜਿਸ ਲਈ ਇਸ ਦਫਤਰ ਦੁਆਰਾ ਵਿਸ਼ਾ ਅੰਕਿਤ ਟੈਂਡਰ ਇਨਕੁਆਰੀ ਜਾਰੀ ਕੀਤੀ ਗਈ ਹੈ। ਇਸ ਦੀ ਜਾਣਕਾਰੀ ਆਮ ਲੋਕਾਂ ਨੂੰ ਦੇਣ ਲਈ ਅਤੇ ਵੱਧ ਤੋ ਵੱਧ ਬੋਲੀ ਕਰਤਾਵਾਂ ਨੂੰ ਟੈਂਡਰ ਪ੍ਰਕ੍ਰਿਆ ਵਿੱਚ ਸ਼ਾਮਿਲ ਕਰਨ ਲਈ, ਟੈਂਡਰ ਨੋਟਿਸ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਪਾਵਰਕਾਮ ਦੁਆਰਾ ਪ੍ਰਵਾਨਿਤ ਅੰਗਰੇਜ਼ੀ ਅਤੇ ਪੰਜਾਬੀ ਦੇ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਉਣ ਲਈ ਭੇਜਿਆ ਜ਼ਾਂਦਾ ਹੈ ਤਾਂ ਜੋ ਮਹਿਕਮੇ ਨੂੰ ਉਚਿਤ ਦਰ ਤੇ ਬਾਹਰਲੇ ਸੋਮਿਆਂ ਤੋਂ ਲੋੜੀਂਦੀ ਗੱਡੀ ਮਿਲ ਸਕੇ ਜੀ। ਇਹ ਆਪ ਜੀ ਦੀ ਜਾਣਕਾਰੀ ਅਤੇ ਅਗੇਤਰੀ ਕਾਰਵਾਈ ਹਿਤ ਪੇਸ਼ ਹੈ ਜੀ।

ਨੱਥੀ: ਉਪਰੋਕਤ ਅਨੁਸਾਰ
ਟੈਂਡਰ ਨੋਟਿਸ ਅੰਗ੍ਰੇਜ਼ੀ ਅਤੇ ਪੰਜਾਬੀ ਵਿੱਚ

ਸੀਨੀਅਰ ਕਾਰਜਕਾਰੀ ਇੰਜੀਨੀਅਰ,
ਵੰਡ ਮੰਡਲ, ਪਾਵਰਕਾਮ ਕੋਟਕਪੂਰਾ।

*ਪਿੱਠ ਅੰਕਣ ਨੰ: ਮਿਤੀ:*

*ਉਪਰੋਕਤ ਦਾ ਉਤਾਰਾ ਨਿਗਰਾਨ ਇੰਜ਼ੀਨੀਅਰ/ਉੱਪ ਮੁੱਖ ਇੰਜੀਨੀਅਰ, ਵੰਡ ਹਲਕਾ ਫਰੀਦਕੋਟ ਜੀ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨਿਮਨ ਹਸਤਾਖਰ ਵੱਲੋਂ ਆਪ ਜੀ ਦੇ ਪੱਤਰ ਨੰ:* ***452*** *ਮਿਤੀ* ***12-01-2026*** *ਦੇ ਸਨਮੁੱਖ ਬਾਹਰਲੇ ਸੋਮਿਆਂ ਤੋਂ ਗੱਡੀ ਹਾਇਰ ਕਰਨ ਸਬੰਧੀ ਲੋੜੀਂਦੀ ਟੈਂਡਰ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਹ ਆਪ ਜੀ ਦੀ ਜਾਣਕਾਰੀ ਅਤੇ ਅਗੇਤਰੀ ਕਾਰਵਾਈ ਹਿਤ ਹੈ ਜੀ।*

*ਸੀਨੀਅਰ ਕਾਰਜਕਾਰੀ ਇੰਜ਼ੀਨੀਅਰ,*
*ਵੰਡ ਮੰਡਲ, ਪਾਵਰਕਾਮ ਕੋਟਕਪੂਰਾ।*

Scanned with OKEN Scanner

# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ- ਸੀਨੀਅਰ ਕਾਰਜਕਾਰੀ ਇੰਜੀਨੀਅਰ,(ਵੰਡ) ਮੰਡਲ,ਕੋਟਕਪੂਰਾ)
ਸ੍ਰੀ ਮੁਕਤਸਰ ਸਾਹਿਬ ਰੋਡ,ਕੋਟਕਪੂਰਾ,ਫੋਨ ਨੰਬਰ-01635-292231 ਈ-ਮੇਲ-**xenkotkapura@gmail.com**

## Tender Notice

**Senior Executive Engineer, (DS) Division, PSPCL, Kotkapura is inviting Tender Enquiry No. 04/XEN/DS/KKP/2025-26** *Dated* **27-01-2026 to get the 01 No. outsourced vehicle i.e Double door: Mohindra Genius/ Bolero Camper/ Tata 207/ 408 or equivalent in price to be deputed under Sub Division (DS) PSPCL, Bargari (Distt. Faridkot) office for one year (on monthly rent basis). Sealed quotations are invited by the undersigned for hiring of above mentioned vehicle. Interested Firms/Contractors can obtain complete set of Bidding Documents/NIT from the office of AEE/AE DS Sub Divn. PSPCL, Bargari by despositing the required fee. Quotations can be submitted up to 11-02-2026 by 5:00:00 PM and the same shall be opened on 12-02-2026 at 11:00:00 AM in the presence of designated tender opening committee members & those contractors/bidders who will be present at the scheduled time at the office of Senior Executive Engineer (DS) Division, PSPCL, Kotkapura. If quotation opening date happens to be holiday or strike, tenders shall be opened on the next working day at the same time and place as mentioned above.**

**Note: - If, Tender Enquiry process not get completed for any reason & got cancelled, No information regarding this & or any type of corrigendum will be published in any Newspaper.**

**Senior Executive Engineer**
**(DS) Divn. PSPCL, Kotkpaura.**

## ਟੈਂਡਰ ਨੋਟਿਸ

ਸੀਨੀਅਰ ਕਾਰਜਕਾਰੀ ਇੰਜ: ਪਾਵਰਕਾਮ, ਕੋਟਕਪੂਰਾ ਦੁਆਰਾ ਸਹਾਇਕ ਕਾ:ਕਾ: ਇੰਜ: ਵੰਡ ਉੱਪ ਮੰਡਲ ਦਫਤਰ ਬਰਗਾੜੀ (ਜ਼ਿਲ੍ਹਾ ਫਰੀਦਕੋਟ) ਲਈ ਬਾਹਰਲੇ ਸੋਮਿਆਂ ਤੋਂ ਮਹੀਨਾ ਬੱਧ ਕਿਰਾਏ ਤੇ ਇੱਕ ਸਾਲ ਲਈ ਲੋੜੀਂਦੀ ਇੱਕ ਨੰ: ਗੱਡੀ **Double door: Mohindra Genius/ Bolero Camper/ Tata 207/ 408 or equivalent in price** ਲੈਣ ਲਈ ਟੈਂਡਰ ਇਨਕੁਆਰੀ ਨੰ: **04/XEN/DS/KKP/2025-26** ਮਿਤੀ: **27-01-2026** ਲਗਾਈ ਗਈ ਹੈ। ਇਸ ਮੰਤਵ ਲਈ ਨਿਮਨ ਹਸਤਾਖਰ ਦੁਆਰਾ ਸੀਲਬੰਦ ਕੁਟੇਸ਼ਨਜ਼ ਮੰਗੀਆਂ ਜਾਂਦੀਆਂ ਹਨ। ਇੱਛੁਕ ਫਰਮਾਂ/ਠੇਕੇਦਾਰ, ਸਹਾਇਕ ਕਾ:ਕਾ:ਇੰਜ਼:, ਵੰਡ ਉੱਪ ਮੰਡਲ ਪਾਵਰਕਾਮ, ਬਰਗਾੜੀ (ਜਿਲ੍ਹਾ ਫਰੀਦਕੋਟ) ਦਫਤਰ ਤੋਂ ਟੈਂਡਰ ਡਾਕੂਮੈਂਟਸ/ਨਿਯਮ ਅਤੇ ਸ਼ਰਤਾਂ ਦਾ ਪੂਰਾ ਸੈੱਟ ਨਿਰਧਾਰਿਤ ਫੀਸ ਜਮ੍ਹਾ ਕਰਵਾ ਕੇ ਪ੍ਰਾਪਤ ਕਰ ਸਕਦੇ ਹਨ। ਕੁਟੇਸ਼ਨਜ਼ ਮਿਤੀ **11-02-2026** ਨੂੰ **5:00:00 PM** ਵਜ਼ੇ ਤੱਕ ਸੀਨੀਅਰ ਕਾਰਜਕਾਰੀ ਇੰਜ਼: (ਵੰਡ) ਮੰਡਲ ਦਫਤਰ, ਪਾਵਰਕਾਮ, ਕੋਟਕਪੂਰਾ ਵਿਖੇ ਜਮ੍ਹਾ ਕਰਵਾਈਆਂ ਜਾ ਸਕਦੀਆਂ ਹਨ। ਪ੍ਰਾਪਤ ਹੋਈਆਂ ਕੁਟੇਸ਼ਨਜ਼ ਮਿਤੀ **12-02-2026** ਨੂੰ **11:00:00 AM** ਵਜ਼ੇ ਖੋਲ੍ਹੀਆਂ ਜਾਣਗੀਆਂ। ਜੇਕਰ ਕੁਟੇਸ਼ਨਜ਼ ਖੋਲ੍ਹਣ ਦੀ ਮਿਤੀ ਨੂੰ ਛੁੱਟੀ ਜਾਂ ਹੜਤਾਲ ਹੁੰਦੀ ਹੈ ਤਾਂ ਟੈਂਡਰ ਅਗਲੇ ਕੰਮ-ਕਾਜ਼ ਵਾਲੇ ਦਿਨ ਉਸੇ ਸਮੇਂ ਅਤੇ ਸਥਾਨ ਤੇ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਖੋਲ੍ਹੇ ਜਾਣਗੇ।

ਨੋਟ:-ਜੇਕਰ ਕਿਸੇ ਕਾਰਨ ਕਰਕੇ ਟੈਂਡਰ ਪ੍ਰਕਿਰਿਆ ਪੂਰੀ ਨਹੀਂ ਹੁੰਦੀ ਤਾਂ ਇਸ ਸਬੰਧੀ ਜਾਂ ਕਿਸੇ ਤਰ੍ਹਾਂ ਦਾ ਕੋਈ ਹੋਰ ਕੋਰੀਜੰਡਮ ਅਖਬਾਰਾਂ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ।

ਸੀਨੀਅਰ ਕਾਰਜਕਾਰੀ ਇੰਜੀਨੀਅਰ
(ਵੰਡ) ਮੰਡਲ ਪਾਵਰਕਾਮ, ਕੋਟਕਪੂਰਾ।

Scanned with OKEN Scanner